

# ਡਾੱਕਟਰ ਦੀ ਰਜਿਸਟ੍ਰੇਸ਼ਨ ਬਾਰੇ ਸਮਝਣਾ

## ਮਰੀਜ਼ਾਂ ਅਤੇ ਕੇਅਰਰਾਂ ਲਈ ਇੱਕ ਗਾਈਡ

General
Medical
Council

Regulating doctors
Ensuring good medical practice

ਇਹ ਲੀਫ਼ਲੈਟ ਦੱਸਦਾ ਹੈ ਕਿ ਤੁਹਾਡਾ ਇਲਾਜ ਕਰ ਰਹੇ ਡਾੱਕਟਰ (ਜਾਂ ਤੁਹਾਡੀ ਸੰਭਾਲ ਕਰ ਰਹੇ ਵਿਅਕਤੀ) ਨੂੰ ਜਨਰਲ ਮੈਡੀਕਲ ਕੌਂਸਲ (GMC) ਨਾਲ ਰਜਿਸਟਰ ਹੋਣਾ ਅਤੇ ਪ੍ਰੈਕਟਿਸ ਲਈ ਇੱਕ ਲਾਇਸੈਂਸ ਰੱਖਣਾ ਕਿਉਂ ਜ਼ਰੂਰੀ ਹੈ।

GMC ਡਾੱਕਟਰਾਂ ਨੂੰ ਨੇਮਬੱਧ ਕਰਦੀ ਹੈ – ਇਸਦਾ ਮਤਲਬ ਹੈ ਕਿ ਸਾਡਾ ਕੰਮ ਦਵਾਈ ਦੇਣ ਦੀ ਪ੍ਰੈਕਟਿਸ ਵਿਚ ਢੁਕਵੇਂ ਮਿਆਰਾਂ ਨੂੰ ਯਕੀਨੀ ਬਣਾਕੇ ਲੋਕਾਂ ਦੀ ਸਿਹਤ ਅਤੇ ਸੁਰੱਖਿਆ ਦੀ ਰਾਖੀ ਕਰਨਾ, ਉਤਸਾਹਿਤ ਕਰਨਾ ਅਤੇ ਬਹਾਲ ਰੱਖਣਾ ਹੈ। ਇਹਨਾਂ ਤਰੀਕਿਆਂ ਵਿਚੋਂ ਇੱਕ ਵਿਚ ਅਸੀਂ ਇੰਜ ਯੂਕੇ ਵਿਚ ਕੰਮ ਕਰਨ ਦੇ ਸਮਰੱਥ ਸਾਰੇ ਡਾੱਕਟਰਾਂ ਦਾ ਰਜਿਸਟਰ ਤਿਆਰ ਕਰਕੇ ਕਰਦੇ ਹਾਂ।

GMC ਨਾਲ ਰਜਿਸਟਰਡ ਕਿਸੇ ਵੀ ਡਾੱਕਟਰ ਨੂੰ ਸਾਡੇ ਵਲੋਂ ਤੈਅ ਕੀਤੇ ਗਏ ਪੇਸ਼ੇਵਰ ਮਿਆਰਾਂ ਦੀ ਪਾਲਣਾ ਜ਼ਰੂਰ ਕਰਨੀ ਚਾਹੀਦੀ ਹੈ। ਜੇ ਇੱਕ ਡਾੱਕਟਰ ਇਹਨਾਂ ਮਿਆਰਾਂ ਦੀ ਪਾਲਣਾ ਨਹੀਂ ਕਰਦਾ, ਤਾਂ ਅਸੀਂ ਡਾੱਕਟਰ ਦੀ ਪ੍ਰੈਕਟਿਸ ਨੂੰ ਸੀਮਤ ਕਰ ਸਕਦੇ ਹਾਂ, ਉਸਨੂੰ ਹੋਰ ਸਿਖਲਾਈ ਲੈਣ ਲਈ ਕਹਿ ਸਕਦੇ ਹਾਂ ਜਾਂ ਉਸਨੂੰ ਪ੍ਰੈਕਟਿਸ ਕਰਨ ਤੋਂ ਬਿਲਕੁਲ ਰੋਕ ਸਕਦੇ ਹਾਂ।

ਬਹੁਤ ਸਾਰੇ ਤਰੀਕੇ ਹਨ, ਜਿਹਨਾਂ ਨਾਲ ਤੁਸੀਂ ਜਾਂਚ ਸਕਦੇ ਹੋ ਕਿ ਕੀ ਤੁਹਾਡੇ ਡਾੱਕਟਰ ਦੀ ਪ੍ਰੈਕਟਿਸ ਲਈ ਲਾਇਸੈਂਸ ਨਾਲ ਰਜਿਸਟ੍ਰੇਸ਼ਨ ਹੈ:

**1.** ਆਪਣੇ ਡਾੱਕਟਰ ਨੂੰ ਪੁੱਛੋ। ਤੁਸੀਂ ਆਪਣੇ ਡਾੱਕਟਰ ਤੋਂ ਇਹ ਪੁੱਛਣ ਦੇ ਹੱਕਦਾਰ ਹੋ ਕਿ ਉਹ ਤੁਹਾਨੂੰ ਦੱਸੇ ਕਿ ਉਹ ਪ੍ਰੈਕਟਿਸ ਕਰਨ ਲਈ ਲਾਇਸੈਂਸ ਸਮੇਤ ਰਜਿਸਟਰਡ ਹੈ। ਡਾੱਕਟਰ ਨੂੰ ਤੁਹਾਨੂੰ ਜ਼ਰੂਰ ਦੱਸਣਾ ਚਾਹੀਦਾ ਹੈ, ਜੇ ਉਸ ਕੋਲ ਲਾਇਸੈਂਸ ਨਹੀਂ ਹੈ। ਜੇ ਉਸ ਕੋਲ ਇਹ ਨਹੀਂ ਹੈ, ਤਾਂ ਉਸਨੂੰ ਤੁਹਾਡਾ ਇਲਾਜ ਨਹੀਂ ਕਰਨਾ ਚਾਹੀਦਾ।

**2.** GMC ਦੇ ਆੱਨਲਾਈਨ ਰਜਿਸਟਰ ਵਿਚ ਭਾਲ ਕਰੋ। ਇਸਨੂੰ **www.gmc-uk.org/register** 'ਤੇ ਲੱਭਿਆ ਜਾ ਸਕਦਾ ਹੈ।

**3. 0161 923 6602** 'ਤੇ GMC ਨੂੰ ਟੈਲੀਫ਼ੋਨ ਕਰੋ। ਅਸੀਂ ਤੁਹਾਨੂੰ ਦੱਸ ਸਕਦੇ ਹਾਂ ਕਿ ਤੁਹਾਡੇ ਡਾੱਕਟਰ ਦੀ ਪ੍ਰੈਕਟਿਸ ਲਈ ਲਾਇਸੈਂਸ ਨਾਲ ਰਜਿਸਟ੍ਰੇਸ਼ਨ ਹੈ।

# ਪ੍ਰੈਕਟਿਸ ਲਈ ਲਾਇਸੈਂਸ ਵਾਲੇ ਡਾੱਕਟਰ ਹੀ ਮਰੀਜ਼ਾਂ ਦਾ ਇਲਾਜ ਕਿਉਂ ਕਰ ਸਕਦੇ ਹਨ।

ਕਾਨੂੰਨ ਹੇਠ ਜ਼ਰੂਰੀ ਹੈ ਕਿ ਕੋਈ ਵੀ ਡਾੱਕਟਰ, ਜੋ ਮਰੀਜ਼ਾਂ ਦਾ ਇਲਾਜ ਕਰਦਾ ਹੈ, ਨੂੰ ਪ੍ਰੈਕਟਿਸ ਲਈ ਲਾਇਸੈਂਸ ਨਾਲ GMC ਨਾਲ ਰਜਿਸਟਰਡ ਹੋਣਾ ਚਾਹੀਦਾ ਹੈ।

ਜਦਕਿ ਡਾੱਕਟਰ ਕਈ ਵੱਖ ਵੱਖ ਮਾਹੌਲਾਂ ਵਿਚ ਕੰਮ ਕਰਦੇ ਹਨ, ਸਿਰਫ਼ ਉਹੀ, ਜੋ ਪ੍ਰੈਕਟਿਸ ਲਈ ਲਾਇਸੈਂਸ ਨਾਲ ਰਜਿਸਟਰਡ ਹਨ, ਕੰਮ ਕਰ ਸਕਦੇ ਹਨ, ਉਦਾਹਰਣ ਲਈ:

- NHS ਵਿਚ ਜਾਂ ਪ੍ਰਾਈਵੇਟ ਪ੍ਰੈਕਟਿਸ ਵਿਚ ਡਾੱਕਟਰ ਵਜੋਂ ਕੰਮ ਕਰਨਾ
- ਨੁਸਖੇ ਲਿਖਣਾ
- ਮੌਤ ਅਤੇ ਸੰਸਕਾਰ ਸਬੰਧੀ ਸਰਟੀਫ਼ਿਕੇਟਾਂ 'ਤੇ ਦਸਤਖ਼ਤ ਕਰਨਾ।

ਉਹਨਾਂ ਡਾੱਕਟਰਾਂ, ਜਿਹਨਾਂ ਕੋਲ ਪ੍ਰੈਕਟਿਸ ਕਰਨ ਦਾ ਲਾਇਸੈਂਸ ਨਹੀਂ ਹੈ, ਵਲੋਂ ਉਦਾਹਰਣ ਲਈ, ਇੱਕ ਮੈਡੀਕਲ ਸਕੂਲ ਵਿਚ ਲੈਕਚਰਰ ਵਜੋਂ, ਮੈਨੇਜਰਾਂ ਵਜੋਂ ਜਾਂ ਯੂਕੇ ਤੋਂ ਬਾਹਰ ਕੰਮ ਕੀਤੇ ਜਾਣ ਦੀ ਵਧੇਰੇ ਸੰਭਾਵਨਾ ਹੈ।

NHS ਵਰਗੀਆਂ ਸੰਸਥਾਵਾਂ ਅਤੇ ਹੋਰ ਸਿਹਤ-ਸੰਭਾਲ ਦੇਣ ਵਾਲਿਆਂ ਨੂੰ ਇਸ ਗੱਲ ਨੂੰ ਯਕੀਨੀ ਬਣਾਉਣ ਦੀ ਲੋੜ ਹੈ ਕਿ ਜਿਹੜੇ ਡਾੱਕਟਰਾਂ ਨੂੰ ਉਹ ਨੌਕਰੀ 'ਤੇ ਰੱਖਦੇ ਹਨ, ਕੋਲ ਪ੍ਰੈਕਟਿਸ ਲਈ ਲਾਇਸੈਂਸ ਹੈ, ਜੇ ਉਹਨਾਂ ਦੇ ਕੰਮ ਵਿਚ ਉਹਨਾਂ ਨੂੰ ਇੰਜ ਕਰਨ ਦੀ ਲੋੜ ਹੈ।

# ਤੁਸੀਂ ਮੈਡੀਕਲ ਰਜਿਸਟਰ ਤੱਕ ਪਹੁੰਚ ਕਿਵੇਂ ਕਰ ਸਕਦੇ ਹੋ

ਰਜਿਸਟਰਡ ਮੈਡੀਕਲ ਪ੍ਰੈਕਟਿਸ਼ਨਰਾਂ ਦੀ ਆੱਨਲਾਈਨ ਸੂਚੀ ਦੀ ਵਰਤੋਂ ਕਰਦਿਆਂ ਕੋਈ ਵੀ ਡਾੱਕਟਰ ਦੀ ਰਜਿਸਟ੍ਰੇਸ਼ਨ ਦੀ ਜਾਂਚ ਕਰ ਸਕਦਾ ਹੈ। ਇਸਨੂੰ ਹਮੇਸ਼ਾ ਆਧੁਨਿਕ ਰਖਿਆ ਜਾਂਦਾ ਹੈ ਅਤੇ ਤੁਹਾਨੂੰ ਹੇਠਾਂ ਦਿੱਤੀ ਜਾਣਕਾਰੀ ਉਪਲਬਧ ਕਰਾਈ ਜਾਏਗੀ:

- ਡਾੱਕਟਰ ਦਾ ਹਵਾਲਾ ਨੰਬਰ, ਨਾਂ, ਪਿਛਲਾ ਨਾਂ (ਜੇ ਕੋਈ ਹੈ), ਅਤੇ ਲਿੰਗ
- ਸਾਲ ਅਤੇ ਥਾਂ, ਜਦੋਂ ਡਾੱਕਟਰ ਨੂੰ ਉਸਦੀ ਮੈਡੀਕਲ ਯੋਗਤਾ ਪ੍ਰਦਾਨ ਕੀਤੀ ਗਈ ਸੀ
- ਮੈਡੀਕਲ ਰਜਿਸਟਰ 'ਤੇ ਡਾੱਕਟਰ ਦਾ ਮੌਜੂਦਾ ਦਰਜਾ (ਅਰਥਾਤ, ਕੀ ਉਹ ਪ੍ਰੈਕਟਿਸ ਲਈ ਲਾਇਸੈਂਸ ਨਾਲ ਰਜਿਸਟਰਡ ਹੈ ਜਾਂ ਪ੍ਰੈਕਟਿਸ ਲਈ ਲਾਇਸੈਂਸ ਤੋਂ ਬਿਨਾ ਰਜਿਸਟਰਡ ਹੈ)
- ਕਿਸੇ ਵੀ ਕਾਰਵਾਈ ਦਾ ਵੇਰਵਾ, ਜੋ GMC ਵਲੋਂ ਡਾੱਕਟਰ ਵਿਰੁੱਧ ਕੀਤੀ ਗਈ ਹੋ ਸਕਦੀ ਹੈ।

**www.gmc-uk.org/register** 'ਤੇ ਆੱਨਲਾਈਨ ਮੈਡੀਕਲ ਰਜਿਸਟਰ ਲੱਭਿਆ ਜਾ ਸਕਦਾ ਹੈ ਜਾਂ ਤੁਸੀਂ **0161 923 6602** 'ਤੇ ਡਾੱਕਟਰ ਦੀ ਰਜਿਸਟ੍ਰੇਸ਼ਨ ਦੀ ਜਾਂਚ ਲਈ ਸਾਨੂੰ ਫ਼ੋਨ ਕਰ ਸਕਦੇ ਹੋ।

# ਹੋਰ ਜਾਣਕਾਰੀ

GMC ਅਤੇ ਡਾੱਕਟਰਾਂ ਦੇ ਨੇਮਬੱਧ ਬਾਰੇ ਹੋਰ ਜਾਣਕਾਰੀ ਸਾਡੀ ਵੈਬਸਾਈਟ: **www.gmc-uk.org** ‘ਤੇ ਲੱਭੀ ਜਾ ਸਕਦੀ ਹੈ।

ਇਹ ਲੀਫ਼ਲੈਟ ਹੇਠਾਂ ਦਿੱਤੀਆਂ ਭਾਸ਼ਾਵਾਂ ਵਿਚ ਸਾਡੀ ਵੈਬਸਾਈਟ ਤੋਂ ਡਾਊਨਲੋਡ ਕਰਨ ਲਈ ਵੀ ਉਪਲਬਧ ਹੈ: ਅਰਬੀ, ਬੰਗਾਲੀ, ਚੀਨੀ, ਗੁਜਰਾਤੀ, ਹਿੰਦੀ, ਪੰਜਾਬੀ, ਉਰਦੂ ਅਤੇ ਵੈਲਸ਼। ਕਿਰਪਾ ਕਰਕੇ **www.gmc-uk.org/understandingregistration** ‘ਤੇ ਜਾਓ।

ਜੇ ਤੁਸੀਂ ਇਸ ਲੀਫ਼ਲੈਟ ਦੀ ਇੱਕ ਵੱਖਰੇ ਰੂਪ ਜਾਂ ਭਾਸ਼ਾ ਵਿਚ ਕਾੱਪੀ ਚਾਹੁੰਦੇ ਹੋ, ਤਾਂ ਕਿਰਪਾ ਕਰਕੇ **0161 923 6602** ‘ਤੇ ਟੈਲੀਫ਼ੋਨ ਕਰੋ ਜਾਂ **gmc@gmc-uk.org** ‘ਤੇ ਈਮੇਲ ਕਰੋ।

**Arabic**

وتتوفر هذه النشرة أيضاً بالعربية. يمكنك تنزيلها من موقعنا على الإنترنت
www.gmc-uk.org/understandingregistration

**Bengali**

এই প্রচারপত্রটি বাংলাতেও লভ্য। আপনি এটা আমাদের
www.gmc-uk.org/understandingregistration ওয়েবসাইট থেকে ডাউনলোড করতে পারেন।

**Chinese**

本传单还可提供中文版。您可从我们的网站 www.gmc-uk.org/understandingregistration 处进行下载

**Gujarati**

આ પત્રિકા ગુજરાતીમાં પણ ઉપલબ્ધ છે. આપ તેને અમારી વેબસાઈટ
www.gmc-uk.org/understandingregistration પરથી ડાઉનલોડ કરી શકો છો.

**Hindi**

यह पुस्तिका हिन्दी में भी उपलब्ध है। आप इसे हमारी वेबसाइट
www.gmc-uk.org/understandingregistration से डाउनलोड कर सकते हैं।

**Punjabi**

ਇਹ ਪੁਸਤਿਕਾ ਪੰਜਾਬੀ ਵਿਚ ਵੀ ਉਪਲੱਬਧ ਹੈ। ਤੁਸੀਂ ਇਸ ਨੂੰ ਸਾਡੀ ਵੈਬਸਾਈਟ
www.gmc-uk.org/understandingregistration ਤੋਂ ਡਾਊਨਲੋਡ ਕਰ ਸਕਦੇ ਹੋ।

**Urdu**

یہ کتابچہ اردو میں بھی مہیا ہے۔ آپ اس کو ہماری ویب سائٹ
www.gmc-uk.org/understandingregistration سے ڈاؤن لوڈ کر سکتے ہیں۔

**Welsh**

Mae’r daflen hon ar gael yn y Gymraeg. Gallwch ei llwytho i lawr ar ein gwefan yn **www.gmc-uk.org/understandingregistration**

ਈਮੇਲ: **gmc@gmc-uk.org**
ਵੈਬਸਾਈਟ: **www.gmc-uk.org**

General Medical Council

Regulating doctors
Ensuring good medical practice

GMC ਇੰਗਲੈਂਡ ਅਤੇ ਵੇਲਸ (1089278) ਅਤੇ ਸਕਾੱਟਲੈਂਡ (SC037750) ਵਿਚ ਰਜਿਸਟਰਡ ਇੱਕ ਧਰਮਾਰਥ ਸੰਸਥਾ ਹੈ। ਪ੍ਰਕਾਸ਼ਿਤ ਨਵੰਬਰ 2009. ਪਬਲੀਕੇਸ਼ਨ ਕੋਡ: GMC/LIFDEAOOS